**Class:- 10th**

**TRADE- Electronics(NSQF)**

**JOB ROLE- Junior Field Technician Home Appliances**

**Session 2025-26**

ਨਮੂਨਾ ਪ੍ਰਸ਼ਨ ਪੱਤਰ

**ਕੁੱਲ ਸਮਾਂ : 3 ਘੰਟੇ** **ਕੁੱਲ ਅੰਕ : 40**

1. ਭਾਗ- ੳ ਵਿੱਚ ਪ੍ਰਸ਼ਨ ਨੰਬਰ 1 ਤੋਂ ਪ੍ਰਸ਼ਨ ਨੰਬਰ 12 ਵਸਤੂਨਿਸ਼ਟ ਵਾਲੇ ਪ੍ਰਸ਼ਨ (ਬਹੁ ਵਿਕਲਪੀ ਉੱਤਰਾਂ ਵਾਲੇ, ਖਾਲੀ ਥਾਵਾਂ, ਮਿਲਾਨ ਕਰੋ, ਸਹੀ/ਗਲਤ) ਹੋਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ।
2. ਭਾਗ- ਅ ਵਿੱਚ ਪ੍ਰਸ਼ਨ ਨੰਬਰ 13 ਤੋਂ ਪ੍ਰਸ਼ਨ ਨੰਬਰ 19 ਤੱਕ ਛੋਟੇ ਉੱਤਰਾਂ ਵਾਲੇ 7 ਪ੍ਰਸ਼ਨ ਹੋਣਗੇ, ਜਿਹਨਾਂ ਵਿੱਚੋਂ ਕੋਈ ਵੀ 6 ਪ੍ਰਸ਼ਨ ਕਰਨੇ ਲਾਜ਼ਮੀ ਹਨ। ਪ੍ਰਸ਼ਨ ਦੇ ਦੋ ਜਾਂ ਵਧੇਰੇ ਭਾਗ ਹੋ ਸਕਦੇ ਹਨ। ਹਰੇਕ ਪ੍ਰਸ਼ਨ 3 ਅੰਕ ਦਾ ਹੋਵੇਗਾ ।
3. ਭਾਗ- ੲ ਵਿੱਚ ਪ੍ਰਸ਼ਨ ਨੰਬਰ 20 ਤੋਂ ਪ੍ਰਸ਼ਨ ਨੰਬਰ 22 ਤੱਕ ਵੱਡੇ ਉੱਤਰਾਂ ਵਾਲੇ 3 ਪ੍ਰਸ਼ਨ ਹੋਣਗੇ ਜਿਹਨਾਂ ਵਿੱਚੋਂ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਪ੍ਰਸ਼ਨ ਦੇ ਦੋ ਜਾਂ ਵਧੇਰੇ ਭਾਗ ਹੋ ਸਕਦੇ ਹਨ। ਹਰੇਕ ਪ੍ਰਸ਼ਨ 5 ਅੰਕ ਦਾ ਹੋਵੇਗਾ।

**ਭਾਗ - I** **12X1=12**

1. ਤੁਹਾਨੂੰ ਕੰਮ ਤੋਂ ਛੁੱਟੀ ਲੈਣ ਲਈ ਦੀ ਜਰੂਰਤ ਹੈ-
   ੳ. ਈਮੇਲ ਅ. ਪੋਸਟਰ ੲ. ਖਬਰ ਪੱਤਰ ਸ. ਬਲਾਗ
2. ਜਦੋਂ ਤੁਸੀਂ ਪੇਸ਼ਕਾਰੀ ਦੀ ਤਿਆਰੀ ਕਰ ਰਹੇ ਹੋ, ਤੁਹਾਨੂੰ ਹੇਠ ਦਰਜ ਵਿੱਚੋ ਕੀ ਚਾਹੀਦਾ ਹੈ।
   ੳ. ਪੇਸ਼ਕਾਰੀ ਦੇ ਉਦੇਸ਼ਾਂ ਤੇ ਕੇਂਦਰਿਤ ਕਰਨਾ।
   ਅ. ਆਪਣੀ ਪੇਸ਼ਕਾਰੀ ਦਾ ਸ਼ੀਸ਼ੇ ਸਾਹਮਣੇ ਅਭਿਆਸ ਕਰਨਾ।
   ੲ. ਸਲਾਈਡਾਂ ਦੇ ਅਨੁਸਾਰ ਆਪਣੀ ਪੇਸ਼ਕਾਰੀ ਲਈ ਅਭਿਆਸ ਕਰਨਾ।
   ਸ. ਉਪਰੋਕਤ ਸਾਰੇ।
3. ਸਮਾਂ ਪ੍ਰਬੰਧਨ ਮਹੱਤਵਪੂਰਨ ਹੈ।
   ੳ. ਸਿਰਫ ਵਿਦਿਆਰਥੀ ਲਈ
   ਅ. ਸਿਰਫ ਕਰਮਚਾਰੀ ਲਈ
   ੲ. ਸਾਰੀਆਂ ਲਈ
   ਸ. ਇਹਨਾਂ ਵਿਚੋਂ ਕਿਸੇ ਲਈ ਨਹੀਂ
4. ਹੇਠ ਲਿਖਿਆਂ ਵਿਚੋਂ ਪ੍ਰਿੰਟ ਕੱਢਣ ਲਈ ਕਿਹੜੀ ਸਾਰਟਕਟ ਕੁੰਜੀ (key) ਦੀ ਵਰਤੋਂ ਕੀਤੀ ਜਾਂਦੀ ਹੈ?
   ੳ. Ctrl+ v ਅ. Ctrl+ P ੲ. Ctrl+c ਸ. Ctrl+x
5. ਸੰਚਾਰ ਸ਼ਬਦ ......... ਭਾਸ਼ਾ ਤੋਂ ਲਿਆ ਗਿਆ ਹੈ। (ਲਾਤੀਨੀ/ਉਰਦੂ)
6. ਵਰਤੋਂ ਵਿੱਚ ਨਾ ਹੋਣ ਤੇ ਪ੍ਰੈੱਸ ਨੂੰ ......... ਕਰ ਦਿਉ। (ਬੰਦ/ਚਾਲੂ)
7. ਬਿਜਲੀ ਪ੍ਰੈਸ ........... ਸਪਲਾਈ ਤੇ ਕੰਮ ਕਰਦੀ ਹੈ। (ਏਸੀ/ਡੀਸੀ)

8. ...........ਯੰਤਰ ਦੁਆਰਾ ਪੱਖੇ ਦੀ ਸਪੀਡ ਘਟਾਈ ਜਾਂ ਵਧਾਈ ਜਾ ਸਕਦੀ ਹੈ। (ਰੈਗੂਲੇਟਰ/ਥਰਮੋਸਟੈਟ)

9. ਸਾਡੇ ਘਰੇਲੂ ਉਪਕਰਣ ਜਿਵੇਂ ਪੱਖਾ, ਕੂਲਰ, ਪਾਣੀ ਵਾਲਾ ਪੰਪ ਸਿੰਗਲ ਫੇਜ ਸਪਲਾਈ ਤੇ ਕੰਮ ਕਰਦੇ ਹਨ। (ਸਹੀ/ਗਲਤ)

10. ਕਿਸੇ ਵੀ ਬਿਜਲੀ ਉਪਕਰਣ ਦੀ ਅਰਥਿੰਗ ਜਰੂਰੀ ਨਹੀਂ ਹੁੰਦੀ। (ਸਹੀ/ਗਲਤ)

11. ਥਰਮੋਸਟੈਟ ਪ੍ਰੈਸ ਦਾ ਤਾਪਮਾਨ ਨਿਯੰਤਰਣ ਰੱਖਦਾ ਹੈ। (ਸਹੀ/ਗਲਤ)

12. ਪੱਖੇ ਜਾਂ ਕੂਲਰ ਵਿੱਚ ਸਟਾਰਟਿੰਗ ਅਤੇ ਰਨਿੰਗ ਵਾਇੰਡਿੰਗ ਹੁੰਦੀ ਹੈ। (ਸਹੀ/ਗਲਤ)

**ਭਾਗ - II (ਕੋਈ ਛੇ ਪ੍ਰਸ਼ਨ ਕਰੋ )** **6X3=18**

13 ਬਿਜਲੀ ਪ੍ਰੈਸ ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ?

14 ਥਰਮੋਸਟੈਟ ਕੀ ਹੈ?

15 ਬਿਜਲੀ ਪ੍ਰੈੱਸ ਦੀਆਂ ਵਿਸ਼ੇਸ਼ਤਾਵਾਂ ਲਿਖੋ।

16 ਪੱਖਿਆਂ ਦੀਆਂ ਵੱਖ-ਵੱਖ ਕਿਸਮਾਂ ਦੇ ਨਾਂ ਲਿਖੋ।

17 ਨਵੇਂ ਛੱਤ ਵਾਲੇ ਪੱਖੇ ਨੂੰ ਲਗਾਉਣ ਸਮੇਂ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

18 ਛੱਤ ਵਾਲੇ ਪੱਖੇ ਅਤੇ ਕੂਲਰ ਵਿੱਚ ਕੀ ਫਰਕ ਹੈ?

19 ਡੈਜ਼ਰਟ ਕੂਲਰ ਬਾਰੇ ਲਿਖੋ

**ਭਾਗ** - III (**ਕੋਈ ਦੋ ਪ੍ਰਸ਼ਨ ਕਰੋ )** **2X5=10**

**20** ਪ੍ਰੈਸ ਕੀ ਹੈ ਅਤੇ ਇਸਦੇ ਹਿੱਸਿਆਂ ਬਾਰੇ ਲਿਖੋ।

21 ਪੱਖੇ ਦੀ ਮੁੰਰਮਤ ਵੇਲੇ ਕਿਹੜੇ-ਕਿਹੜੇ ਟੂਲਾਂ ਦੀ ਵਰਤੋਂ ਕੀਤੀ ਜਾਂਦੀ ਹੈ?

22 ਕੂਲਰ ਦੀ ਸਾਂਭ-ਸੰਭਾਲ ਅਤੇ ਵਰਤੋਂ ਬਾਰੇ ਲਿਖੋ।